# News Release

City of Mississauga
300 City Centre Drive
Mississauga, ON L5B 3C1

mississauga.ca facebook.com/citymississauga twitter.com/citymississauga

**2022 ਦੇ ਚੋਣ ਉਮੀਦਵਾਰਾਂ ਦੀ ਅਧਿਕਾਰਤ ਸੂਚੀ ਹੁਣ ਉਪਲਬਧ ਹੋ ਗਈ ਹੈ**

ਆਉਣ ਵਾਲੀਆਂ 2022 ਦੀਆਂ Mississauga ਸਿਟੀ ਦੀਆਂ ਮਿਊਨਿਸਿਪਲ ਚੋਣਾਂ ਵਿੱਚ, ਇੱਕ ਸੌ ਇਕੱਤੀ ਉਮੀਦਵਾਰ ਚੋਣ ਲੜ ਰਹੇ ਹਨ।

ਪ੍ਰਮਾਣਿਤ ਉਮੀਦਵਾਰਾਂ ਦੀ ਅਧਿਕਾਰਤ ਸੂਚੀ, ਔਨਲਾਈਨ (online) ਉਪਲਬਧ ਹੈ।

**ਮੌਖਿਕ-ਮਤਦਾਨ ਦੁਆਰਾ ਚੁਣਿਆ ਜਾਣਾ**

ਹੇਠਾਂ ਲਿਖੇ ਉਮੀਦਵਾਰਾਂ ਨੇ ਨਿਰਵਿਰੋਧ ਚੋਣ ਲੜੀ ਅਤੇ ਉਹਨਾਂ ਨੂੰ ਮੌਖਿਕ-ਮਤਦਾਨ ਦੁਆਰਾ ਚੁਣਿਆ ਗਿਆ:

- ਸਕੂਲ ਬੋਰਡ ਟ੍ਰਸਟੀ, ਇੰਗਲਿਸ਼ ਸੈਪਰੇਟ: ਥੌਮਸ ਥੌਮਸ (Thomas Thomas), ਵਾਰਡ 5
- ਸਕੂਲ ਬੋਰਡ ਟ੍ਰਸਟੀ, ਫ੍ਰੈਂਚ ਪਬਲਿਕ: ਇਵੋਨ ਰੋਸ਼ੇਫੋਰਟ (Yvon Rochefort) (ਪੂਰੇ ਸ਼ਹਿਰ ਵਿੱਚ)
- ਸਕੂਲ ਬੋਰਡ ਟ੍ਰਸਟੀ, ਫ੍ਰੈਂਚ ਸੈਪਰੇਟ: ਐਸਟੇਲ ਆ-ਕਿਓ (Estelle Ah-Kiow) (ਪੂਰੇ ਸ਼ਹਿਰ ਵਿੱਚ)

**2022 ਦੀਆਂ ਮਿਊਨਿਸਿਪਲ ਚੋਣਾਂ ਬਾਰੇ**

2022 ਦੀਆਂ ਮਿਊਨਿਸਿਪਲ ਚੋਣਾਂ, ਸੋਮਵਾਰ, 24 ਅਕਤੂਬਰ, 2022 ਨੂੰ ਹੋਣਗੀਆਂ। Mississauga ਦੇ ਵੋਟਰ ਆਪਣੇ ਖੇਤਰ ਲਈ, ਮੇਅਰ, ਵਾਰਡ/ਰੀਜਨਲ ਕਾਉਂਸਲਰ ਅਤੇ ਸਕੂਲ ਬੋਰਡ ਟ੍ਰਸਟੀ ਦੀ ਚੋਣ ਕਰਨਗੇ।

ਜੋ ਵਿਅਕਤੀ 24 ਅਕਤੂਬਰ ਨੂੰ ਵੋਟ ਨਹੀਂ ਪਾ ਸਕਦਾ, ਉਹ ਐਡਵਾਂਸ ਵੋਟ (Advance Vote) ਵਿੱਚ ਹਿੱਸਾ ਲੈ ਸਕਦਾ ਹੈ, ਜੋ 7 ਤੋਂ 9 ਅਤੇ 13 ਤੋਂ 16 ਅਕਤੂਬਰ ਤੱਕ ਖੁੱਲੇਗੀ। ਮਤਦਾਤਾ, ਕਿਸੇ ਵੀ ਵੋਟ ਥਾਂ ਵਿਖੇ ਵੋਟ ਪਾ ਸਕਣਗੇ। ਵੋਟਿੰਗ ਥਾਵਾਂ ਦੀ ਸੂਚੀ, ਆਉਣ ਵਾਲੇ ਹਫਤਿਆਂ ਵਿੱਚ ਔਨਲਾਈਨ ਸਾਂਝੀ ਕੀਤੀ ਜਾਵੇਗੀ।

ਚੋਣਾਂ ਵਾਲੇ ਦਿਨ ਨੂੰ, ਮਤਦਾਤਾ ਆਪਣੇ ਵਾਰਡ ਵਿੱਚ ਕਿਸੇ ਵੀ ਵੋਟਿੰਗ ਥਾਂ ਵਿਖੇ ਵੋਟ ਪਾ ਸਕਣਗੇ। 2022 ਦੀਆਂ ਮਿਊਨਿਸਿਪਲ ਚੋਣਾਂ ਬਾਰੇ ਵਧੇਰੇ ਜਾਣਕਾਰੀ, MississaugaVotes.ca ਤੇ ਉਪਲਬਧ ਹੈ।